# Model Test Paper

## ਜਮਾਤ - ਦਸਵੀਂ

## ਵਿਸ਼ਾ - ਸਮਾਜਿਕ ਵਿਗਿਆਨ

**(2025-26)**

**ਸਮਾਂ: 3 ਘੰਟੇ** **ਕੁੱਲ ਅੰਕ : 80**

(i) ਪ੍ਰਸ਼ਨ - ਪੱਤਰ 6 ਭਾਗਾਂ (ੳ, ਅ, ੲ, ਸ, ਹ, ਕ) ਵਿੱਚ ਵੰਡਿਆ ਗਿਆ ਹੈ।

(ii) ਭਾਗ- ੳ ਪ੍ਰਸ਼ਨ ਨੰਬਰ 1 ਦੇ 10 ਉਪ ਭਾਗ ਹਨ। ਹਰ ਪ੍ਰਸ਼ਨ 1 ਅੰਕ ਦਾ ਹੈ।

(iii) ਭਾਗ- ਅ ਪ੍ਰਸ਼ਨ ਨੰਬਰ 2 ਦੇ 10 ਉਪ ਭਾਗ ਹਨ। ਹਰ ਪ੍ਰਸ਼ਨ 1 ਅੰਕ ਦਾ ਹੈ।

(iv) ਭਾਗ- ੲ ਪ੍ਰਸ਼ਨ ਨੰਬਰ 3 ਦੇ 8 ਉਪ ਭਾਗ ਹਨ। ਹਰੇਕ ਪ੍ਰਸ਼ਨ ਦਾ ਉੱਤਰ 30 – 50 ਸ਼ਬਦਾਂ ਵਿੱਚ ਦੇਣਾ ਹੈ। ਹਰ ਪ੍ਰਸ਼ਨ 3 ਅੰਕ ਦਾ ਹੈ।

(v) ਭਾਗ- ਸ ਪ੍ਰਸ਼ਨ ਨੰਬਰ 4 ਦੇ 4 ਉਪ ਭਾਗ (100% ਅੰਦਰੂਨੀ ਛੋਟ) ਹਨ। ਹਰੇਕ ਪ੍ਰਸ਼ਨ ਦਾ ਉੱਤਰ 80 – 100 ਸ਼ਬਦਾਂ ਵਿੱਚ ਦੇਣਾ ਹੈ। ਹਰ ਪ੍ਰਸ਼ਨ 5 ਅੰਕ ਦਾ ਹੈ।

(vi) ਭਾਗ- ਹ ਪ੍ਰਸ਼ਨ ਨੰਬਰ 5 ਸਰੋਤ ਆਧਾਰਿਤ ਹੈ। ਇਸ ਵਿੱਚ ਦੋ ਉਪ ਭਾਗ ਹਨ। ਇਸ ਵਿੱਚ 4-4 ਅੰਕ ਦੇ ਦੋ ਪ੍ਰਸ਼ਨ ਅਰਥ ਸ਼ਾਸਤਰ ਅਤੇ ਨਾਗਰਿਕ ਸ਼ਾਸਤਰ ਵਿੱਚੋਂ ਹਨ।

(vii) ਭਾਗ- ਕ ਪ੍ਰਸ਼ਨ ਨੰਬਰ 6 ਮਾਨ - ਚਿੱਤਰ ਨਾਲ ਸੰਬੰਧਿਤ ਹੈ। ਇਸ ਵਿੱਚ ਦੋ ਉਪ ਭਾਗ ਹਨ। ਭੂਗੋਲ ਭਾਗ ਵਿੱਚੋਂ ਭਾਰਤ ਦੇ ਨਕਸ਼ੇ ਅਤੇ ਇਤਿਹਾਸ ਭਾਗ ਵਿੱਚੋਂ 1947 ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ 6-6 ਸਥਾਨਾਂ ਵਿੱਚੋਂ 4-4 ਸਥਾਨ ਭਰਨੇ ਹਨ। ਹਰੇਕ ਸਥਾਨ 1 ਅੰਕ ਦਾ ਹੈ।

### ਭਾਗ (ੳ)

**1. ਸਹੀ ਵਿਕਲਪ ਦੀ ਚੋਣ ਕਰੋ। ਸਾਰੇ ਪ੍ਰਸ਼ਨ ਜ਼ਰੂਰੀ ਹਨ।** **10x1=10**

(i) ਜਵਾਰੀ ਊਰਜਾ ਨੂੰ ਕਿਹੜੇ ਸੋਮੇ ਦੀ ਕਿਸਮ ਮੰਨਿਆ ਜਾਵੇਗਾ? 1

(ੳ) ਮੁੜ-ਨਵਿਆਉਣਯੋਗ (ਅ) ਅਜੈਵਿਕ
(ੲ) ਮਾਨਵ ਨਿਰਮਿਤ (ਸ) ਨਾ-ਨਵਿਆਉਣਯੋਗ

(ii) ਭਾਰਤ ਵਿਚ ਸੰਸਾਰ ਆਵਾਜਾਈ ਦਾ ਕਿਹੜਾ ਢੰਗ ਸਭ ਤੋਂ ਵੱਧ ਹਰਮਨ ਪਿਆਰਾ ਹੈ? 1

(ੳ) ਪਾਈਪਲਾਈਨ (ਅ) ਰੇਲਵੇਜ਼
(ੲ) ਰੋਡਵੇਜ਼ (ਸ) ਏਅਰਵੇਜ਼

(iii) ਆਰਥਿਕ ਵਿਕਾਸ ਵਿੱਚ ਹੇਠ ਲਿਖਿਆਂ ਵਿੱਚੋਂ ਕਿਸ ਨੂੰ ਸ਼ਾਮਲ ਕੀਤਾ ਜਾਂਦਾ ਹੈ? 1

(ੳ) ਮਾਤਰਾਤਮਕ ਬਦਲਾਅ (ਅ) ਗੁਣਾਤਮਕ ਬਦਲਾਅ
(ੲ) ੳ ਅਤੇ ਅ ਦੋਵੇਂ (ਸ) ਜੀਵਨ ਪੱਧਰ

(iv) ਉਹ ਵਪਾਰ ਜੋ ਦੋ ਦੇਸ਼ਾਂ ਦੇ ਵਿੱਚਕਾਰ ਹੁੰਦਾ ਹੈ, ਨੂੰ ....... ਕਹਿੰਦੇ ਹਨ? 1

(ੳ) ਵਿਦੇਸ਼ੀ ਵਪਾਰ (ਅ) ਖੇਤਰੀ ਵਪਾਰ
(ੲ) ੳ ਅਤੇ ਅ ਦੋਵੇਂ (ਸ) ਇਹਨਾਂ ਵਿੱਚੋਂ ਕੋਈ ਨਹੀਂ

(v) ਰਾਸ਼ਟਰੀ ਸਟਾਕ ਐਕਸਚੇਂਜ ਦੀ ਸਥਾਪਨਾ ਕਦੋਂ ਹੋਈ? 1

(ੳ) 1990 ਈ. (ਅ) 1991 ਈ.
(ੲ) 1992 ਈ. (ਸ) 1993 ਈ.

(vi) ਪੰਜਾਬ ਨੂੰ ਭਾਸ਼ਾ ਦੇ ਆਧਾਰ 'ਤੇ ਦੋ ਹਿਸਿਆਂ ਵਿੱਚ ਕਦੋਂ ਵੰਡਿਆ ਗਿਆ? 1

(ੳ) 1947 ਈ. (ਅ) 1950 ਈ.

(ੲ) 1966 ਈ. (ਸ) 1971 ਈ.

(vii) ਗੁਰੂ ਗੋਬਿੰਦ ਸਿੰਘ ਜੀ ਦੀ ਬਾਬਾ ਬੰਦਾ ਸਿੰਘ ਬਹਾਦਰ ਨਾਲ ਮੁਲਾਕਾਤ ਕਿਸ ਸਥਾਨ ਤੇ ਹੋਈ? 1

(ੳ) ਆਨੰਦਪੁਰ ਸਾਹਿਬ (ਅ) ਪਟਨਾ

(ੲ) ਨੰਦੇੜ (ਸ) ਪਾਉਂਟਾ ਸਾਹਿਬ

(viii) ਮਹਾਰਾਜਾ ਰਣਜੀਤ ਸਿੰਘ ਜੀ ਦੇ ਉੱਤਰਾਧਿਕਾਰੀ ਦਾ ਕੀ ਨਾਂ ਸੀ? 1

(ੳ) ਖੜਕ ਸਿੰਘ (ਅ) ਨੌਨਿਹਾਲ ਸਿੰਘ

(ੲ) ਸ਼ੇਰ ਸਿੰਘ (ਸ) ਦਲੀਪ ਸਿੰਘ

(ix) ਬਾਬਾ ਗੁਰਦਿੱਤ ਸਿੰਘ ਜੀ ਨੇ ਕਾਮਾਗਾਟਾਮਾਰੂ ਜਹਾਜ਼ ਦਾ ਕੀ ਨਾਮ ਰੱਖਿਆ? 1

(ੳ) ਗੁਰੂ ਨਾਨਕ ਜਹਾਜ਼ (ਅ) ਗੁਰੂ ਗੋਬਿੰਦ ਸਿੰਘ ਜਹਾਜ਼

(ੲ) ਮਹਾਰਾਜਾ ਰਣਜੀਤ ਸਿੰਘ ਜਹਾਜ਼ (ਸ) ਬੰਦਾ ਸਿੰਘ ਬਹਾਦਰ ਜਹਾਜ਼

(x) ਇਸਾਈਆਂ ਵਿਰੁੱਧ ਸੰਪਰਦਾਇਕ ਹਿੰਸਾ ਕਿਹੜੇ ਸੂਬੇ ਵਿੱਚ ਵਾਪਰੀ ਸੀ? 1

(ੳ) ਓੜੀਸ਼ਾ (ਅ) ਕੇਰਲ

(ੲ) ਰਾਜਸਥਾਨ (ਸ) ਮਨੀਪੁਰ

## ਭਾਗ (ਅ)

**2. ਵਸਤੂਨਿਸ਼ਠ ਪ੍ਰਸ਼ਨ** **10x1=10**

### ੳ- ਖ਼ਾਲੀ ਥਾਵਾਂ ਭਰੋ:-

(i) ਆਪ੍ਰੇਸ਼ਨ ਫ਼ਲੱਡ..................... ਨਾਲ਼ ਸਬੰਧਤ ਹੈ। 1

(ii) ਰੂਹਰ ਘਾਟੀ.............. ਵਿਖੇ ਸਥਿੱਤ ਹੈ। 1

(iii) ਮਲਕੀਅਤ ਦੇ ਆਧਾਰ ਤੇ ਅਰਥਵਿਵਸਥਾ........... ਤਰ੍ਹਾਂ ਦੀ ਹੁੰਦੀ ਹੈ। 1

(iv) ਬਾਬਰ ਨੇ ਇਬਰਾਹੀਮ ਲੋਧੀ ਨੂੰ ............ ਦੀ ਲੜਾਈ ਵਿੱਚ ਹਰਾਇਆ। 1

(v) ਲੋਕਤੰਤਰ ਵਿੱਚ ਸਰਕਾਰ............ ਵੱਲੋਂ ਚੁਣੀ ਜਾਂਦੀ ਹੈ। 1

### ਅ- ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-

(vi) ਭਾਰਤ ਦੀ ਸਭ ਤੋਂ ਵੱਡੀ ਬੰਦਰਗਾਹ ਕਿਹੜੀ ਹੈ? 1

(vii) SENSEX ਦਾ ਪੂਰਾ ਨਾਂ ਲਿਖੋ। 1

(viii) ਸ੍ਰੀ ਮੁਕਤਸਰ ਸਾਹਿਬ ਜੀ ਦਾ ਪਹਿਲਾ ਨਾਂ ਕੀ ਸੀ। 1

(ix) ਮਹਿਤਾਬ ਕੋਰ ਕੋਣ ਸੀ? 1

(x) ਅੰਤਰਰਾਸ਼ਟਰੀ ਨਿਆਂਇਕ ਅਦਾਲਤ ਕਿੱਥੇ ਸਥਿਤ ਹੈ? 1

## ਭਾਗ (ੲ)

**3. ਹਰੇਕ ਪ੍ਰਸ਼ਨ ਦਾ ਉੱਤਰ 30 -50 ਸ਼ਬਦਾਂ ਵਿੱਚ ਦਿਓ:-** **8x3=24**

(i) ਜੈਵਿਕ ਭੂਗੋਲ ਕੀ ਹੈ? ਪਰਿਭਾਸ਼ਾ ਦਿਓ। 3

(ii) ਡੈਮ ਕੀ ਹੁੰਦਾ ਹੈ? 3

(iii) ਈ-ਬੈਂਕਿੰਗ ਕੀ ਹੈ? 3

(iv) ਵੱਖ-ਵੱਖ ਉਤਪਾਦਾਂ ਦੇ ਮਾਨਕੀਕਰਣ ਲਈ ਮਹੱਤਵਪੂਰਨ ਲੋਗੋ ਕਿਹੜੇ-ਕਿਹੜੇ ਹਨ? 3

(v) ਖਾਲਸਾ ਦੇ ਨਿਯਮਾਂ ਦਾ ਵਰਨਣ ਕਰੋ। 3

(vi) ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਅਤੇ ਸਿੱਖਿਆ ਬਾਰੇ ਲਿਖੋ। 3

(vii) ਮਹਾਰਾਜਾ ਦਲੀਪ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ? 3

(viii) ਲੋਕਤੰਤਰੀ ਪ੍ਰਨਾਲੀ ਵਿੱਚ ਜਨ-ਸਹਿਭਾਗਤਾ ਦੇ ਕੋਈ ਤਿੰਨ ਕਦਮ ਕਿਹੜੇ-ਕਿਹੜੇ ਹੋ ਸਕਦੇ ਹਨ? 3

**ਭਾਗ (ਸ)**

**4. ਕਿਸੇ ਇੱਕ ਪ੍ਰਸ਼ਨ ਦਾ ਉੱਤਰ 80-100 ਸ਼ਬਦਾਂ ਵਿੱਚ ਦਿਓ:- 4x5=20**

(i) ਭਾਰਤੀ ਖੇਤੀਬਾੜੀ ਦੇ ਵਿਕਾਸ ਵਿੱਚ ਯੂਨੀਵਰਸਿਟੀਆਂ ਦੀ ਕੀ ਭੂਮਿਕਾ ਹੈ?

ਜਾਂ

ਭਾਰਤੀ ਸਨਅਤਾਂ ਦੇ ਵਰਗੀਕਰਨ ਦਾ ਫ਼ਲੋ-ਚਾਰਟ ਬਣਾਓ। **5**

(ii) ਅਰਥਸ਼ਾਸਤਰ ਦੀ ਧਨ ਸਬੰਧੀ ਪਰਿਭਾਸ਼ਾ ਦੀ ਵਿਆਖਿਆ ਕਰੋ।

ਜਾਂ

ਢਾਂਚੇ ਦੀ ਕਮੀ ਭਾਰਤ ਵਿੱਚ ਸੇਵਾ ਖੇਤਰ ਦੇ ਵਿਕਾਸ ਵਿੱਚ ਇੱਕ ਰੁਕਾਵਟ ਕਿਵੇਂ ਹੈ? **5**

(iii) ਗੁਰੂ ਨਾਨਕ ਦੇਵ ਜੀ ਦੇ ਮੁਢਲੇ ਜੀਵਨ ਦਾ ਵਰਨਣ ਕਰੋ।

ਜਾਂ

ਗੁਰੂ ਹਰਗੋਬਿੰਦ ਜੀ ਦੀ ਨਵੀਂ ਨੀਤੀ ਦਾ ਵਰਨਣ ਕਰੋ। **5**

(iv) ਮਰਦ ਪ੍ਰਧਾਨ ਸਮਾਜ ਜਾਂ ਇਸਤਰੀਵਾਦ ਵੱਲ ਬਹੁਤਾ ਝੁਕਾਅ ਦੋਵੇਂ ਹੀ ਲੋਕਤੰਤਰ ਲਈ ਖਤਰਾ ਹਨ, ਕਿਵੇਂ?

ਜਾਂ

ਭਾਰਤੀ ਲੋਕਤੰਤਰ ਨੂੰ ਦਰਪੇਸ਼ ਪ੍ਰਮੁੱਖ ਵੰਗਾਰਾਂ ਦੀ ਵਿਆਖਿਆ ਕਰੋ। **5**

**ਭਾਗ (ਹ)**

**5. ਸਰੋਤ ਅਧਾਰਿਤ ਪ੍ਰਸ਼ਨ** **4x**2=8

(ੳ) ਭਾਰਤ ਵਿੱਚ ਕੀਮਤ ਪੱਧਰ ਵਿੱਚ ਪਰਿਵਰਤਨ ਆਉਣ ਦੇ ਨਾਲ-ਨਾਲ ਗਰੀਬੀ ਰੇਖਾ ਦੀ ਸੀਮਾ ਵਿੱਚ ਪਰਿਵਰਤਨ ਆਉਂਦਾ ਰਹਿੰਦਾ ਹੈ। ਯੋਜਨਾ ਆਯੋਗ ਦੁਆਰਾ 1962 ਵਿੱਚ ਨਿਯੁਕਤ ਮਾਹਿਰ ਸਮਿਤੀ ਨੇ ਗਰੀਬੀ ਰੇਖਾ ਨੂੰ ਨਿਰਧਾਰਿਤ ਕਰਨ ਲਈ ਨਿਊਨਤਮ ਉਪਭੋਗ ਮਾਪਦੰਡ ਨੂੰ ਅਪਣਾਇਆ ਸੀ। ਇਸ ਦੇ ਅਨੁਸਾਰ ਗਰੀਬੀ ਰੇਖਾ ਤੋਂ ਹੇਠਾਂ ਉਹ ਵਿਅਕਤੀ ਮੰਨੇ ਜਾਣਗੇ, ਜਿਹਨਾਂ ਦਾ ਪ੍ਰਤੀ ਮਹੀਨਾ ਉਪਭੋਗ 1960-61 ਦੀਆਂ ਕੀਮਤਾਂ ਤੇ 20 ਰੁਪਏ ਤੋਂ ਘੱਟ ਹੈ ਜਦੋਂ ਕਿ 1968-69 ਵਿੱਚ ਇਹ ਰਾਸ਼ੀ 40 ਰੁਪਏ ਤੋਂ ਘੱਟ ਉਪਭੋਗ ਵਾਲੇ ਲੋਕਾਂ ਨੂੰ ਗਰੀਬੀ ਰੇਖਾ ਤੋਂ ਹੇਠਾਂ ਮੰਨਿਆ ਗਿਆ। ਉਪਰ ਦਿੱਤੇ ਹੋਏ ਮਾਪਦੰਡਾਂ ਦੇ ਅਨੁਸਾਰ ਸਾਲ 1960-61 ਅਤੇ 1968-69 ਵਿੱਚ ਗਰੀਬੀ ਰੇਖਾ ਤੋਂ ਹੇਠਾਂ ਆਉਣ ਵਾਲੀ ਜਨਸੰਖਿਆ ਕ੍ਰਮਵਾਰ 17.67 ਅਤੇ 21.6 ਕਰੋੜ ਸੀ। ਸੰਨ 1976-77 ਵਿੱਚ ਜੀਵਨ-ਨਿਰਵਾਹ ਦਾ ਸੂਚਾਂਕ ਵੱਧ ਜਾਣ ਕਰਕੇ ਉਨ੍ਹਾਂ ਲੋਕਾਂ ਨੂੰ ਗਰੀਬੀ ਰੇਖਾ ਤੋਂ ਨੀਵਾਂ ਮੰਨਿਆ ਗਿਆ ਜਿਨ੍ਹਾਂ ਦੀ ਆਮਦਨ ਪੇਂਡੂ ਇਲਾਕਿਆਂ ਵਿੱਚ 62 ਰੁਪਏ ਅਤੇ ਸ਼ਹਿਰੀ ਇਲਾਕੇ ਵਿੱਚ 71 ਰੁਪਏ ਮਹੀਨੇ ਤੋਂ ਘੱਟ ਸੀ। ਅਜਿਹੇ ਲੋਕਾਂ ਦੀ ਸੰਖਿਆ 1977-78 ਵਿੱਚ ਪੇਂਡੂ ਇਲਾਕੇ 23.9 ਕਰੋੜ ਅਤੇ ਸ਼ਹਿਰੀ ਇਲਾਕੇ ਵਿੱਚ 5.5 ਕਰੋੜ ਸੀ। ਛੇਵੀਂ ਯੋਜਨਾ ਦੀ ਰੂਪ ਰੇਖਾ ਦੇ ਅਨੁਸਾਰ ਗਰੀਬੀ ਰੇਖਾ ਤੋਂ ਨੀਵੇਂ ਉਹ ਵਿਅਕਤੀ ਮੰਨੇ ਜਾਣਗੇ ਜਿਹਨਾਂ ਦਾ ਪ੍ਰਤੀ ਮਹੀਨਾ ਉਪਭੋਗ ਖਰਚਾ 1979-80 ਦੀਆਂ ਕੀਮਤਾਂ ਤੇ ਪੇਂਡੂ ਖੇਤਰ ਵਿੱਚ 76 ਰੁਪਏ ਅਤੇ ਸ਼ਹਿਰੀ ਖੇਤਰ 88 ਰੁਪਏ ਤੋਂ ਘੱਟ ਸੀ । ਅਜਿਹੇ ਲੋਕਾਂ ਦੀ ਪੇਂਡੂ ਖੇਤਰ ਵਿੱਚ ਜਨਸੰਖਿਆ 26 ਕਰੋੜ ਅਤੇ ਸ਼ਹਿਰੀ ਜਨਸੰਖਿਆ 5.7 ਕਰੋੜ ਸੀ। ਇਸ ਪ੍ਰਕਾਰ ਪੂਰੇ ਦੇਸ਼ ਵਿੱਚ 31.7 ਕਰੋੜ ਜਨਸੰਖਿਆ ਗਰੀਬੀ ਰੇਖਾ ਤੋਂ ਨੀਵੀਂ ਰਹਿ ਰਹੀ ਸੀ।

**ਉਪਰੋਕਤ ਪੈਰ੍ਹੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

(i) ਯੋਜਨਾ ਆਯੋਗ ਦੁਆਰਾ 1962 ਵਿੱਚ ਨਿਯੁਕਤ ਮਾਹਿਰ ਸਮਿਤੀ ਨੇ ਗਰੀਬੀ ਰੇਖਾ ਨੂੰ ਨਿਰਧਾਰਿਤ ਕਰਨ ਲਈ ਨਿਊਨਤਮ ਉਪਭੋਗ ਮਾਪਦੰਡ ਕੀ ਰੱਖਿਆ ਸੀ? 2

(ii) 1976-77 ਵਿੱਚ ਕਿੰਨ੍ਹਾ ਲੋਕਾਂ ਨੂੰ ਗਰੀਬੀ ਰੇਖਾ ਤੋਂ ਨੀਵਾਂ ਮੰਨਿਆ ਗਿਆ? 1

(iii) ਪੇਂਡੂ ਖੇਤਰ ਵਿੱਚ ਕਿਸ ਸਾਲ ਸਭ ਤੋਂ ਵੱਧ ਜਨਸੰਖਿਆ ਗਰੀਬੀ ਰੇਖਾ ਤੋਂ ਨੀਵੀਂ ਸੀ। 1

(ਅ) ਜਦੋਂ ਭਾਰਤ ਅਜਾਦ ਹੋਇਆ ਤਾਂ ਸਾਰਾ ਸੰਸਾਰ ਦੇ ਗੁੱਟਾਂ ਵਿੱਚ ਵੰਡਿਆ ਹੋਇਆ ਸੀ-ਰੂਸ ਅਤੇ ਐਂਗਲੋ ਅਮਰੀਕਨ ਗੁਟ । ਭਾਰਤ ਦੀ ਵਿਦੇਸ਼ ਨੀਤੀ ਦੇ ਨਿਰਮਾਤਾ ਪੰਡਿਤ ਨਹਿਰੂ ਨੇ ਇਹ ਮਹਿਸੂਸ ਕੀਤਾ ਕਿ ਰਾਸ਼ਟਰ ਦਾ ਨਿਰਮਾਣ ਕਰਨ ਲਈ ਭਾਰਤ ਨੂੰ ਸ਼ਕਤੀ ਗੁੱਟਾਂ ਦੇ ਸੰਘਰਸ਼ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਲਈ ਪੰਡਿਤ ਨਹਿਰੂ ਨੇ ਗੁਟ -ਨਿਰਲੇਪਤਾ ਦੀ ਨੀਤੀ ਨੂੰ ਅਪਨਾਇਆ। ਗੁਟ- ਨਿਰਲੇਪਤਾ ਦਾ ਅਰਥ ਹੈ ਕਿ ਪ੍ਰਤੀਯੋਗੀ ਸ਼ਕਤੀ ਗੁੱਟਾਂ ਤੋਂ ਜਾਣ ਬੁਝ ਕੇ ਦੂਰ ਰਹਿਣਾ, ਕਿਸੇ ਦੇਸ਼ ਪ੍ਰਤੀ ਵੈਰ-ਵਿਰੋਧ ਦੀ ਭਾਵਨਾ ਨਾ ਰਖਣਾ ਅਤੇ ਅੰਤਰਰਾਸ਼ਟਰੀ ਸਮੱਸਿਆਵਾਂ ਨੂੰ ਗੁਣ ਦੇ ਅਧਾਰ 'ਤੇ ਨਿਰਣਾ ਕਰਨ ਅਤੇ ਸੁਤੰਤਰ ਨੀਤੀ ਨੂੰ ਅਪਨਾਉਣਾ। ਭਾਰਤ ਦੇ ਯਤਨਾਂ ਦੁਆਰਾ ਹੀ ਗੁਟ-ਨਿਰਲੇਪਤਾ ਅੰਦੋਲਨ ਸਮੁੱਚੇ ਵਿਸ਼ਵ ਵਿੱਚ ਇੱਕ ਸ਼ਕਤੀਸ਼ਾਲੀ ਦੇ ਪ੍ਰਭਾਵਸ਼ਾਲੀ ਅੰਦਲਨ ਬਣ ਗਿਆ ਹੈ।

**ਉਪਰੋਕਤ ਪੈਰ੍ਹੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

(i) ਭਾਰਤ ਦੀ ਵਿਦੇਸ਼ ਨੀਤੀ ਦਾ ਮੁੱਖ ਸਿਧਾਂਤ ਦੱਸੋ। 1

(ii) ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਰੂਸ ਅਤੇ ਅਮਰੀਕਾ ਵਿੱਚਕਾਰ ਕਿਹੜਾ ਯੁੱਧ ਸ਼ੁਰੂ ਹੋਇਆ? 1

(iii) ਗੁਟ-ਨਿਰਲੇਪਤਾ ਅੰਦੋਲਨ 'ਤੇ ਨੋਟ ਲਿਖੋ। 2

**ਭਾਗ (ਕ)**

**6. ਮਾਨ-ਚਿੱਤਰ:-** **4x**2=8

**(ੳ) ਭਾਰਤ ਦੇ ਮਾਨ-ਚਿੱਤਰ ਵਿੱਚ 6 ਵਿੱਚੋਂ ਕੋਈ 4 ਸਥਾਨ ਭਰੋ-**

ਸਭ ਤੋਂ ਵੱਧ ਜੰਗਲ ਵਾਲਾ ਕੇਂਦਰ ਸ਼ਾਸਿਤ ਪ੍ਰਦੇਸ਼, ਕੋਈ ਇੱਕ ਰੇਤਲੀ ਮਿੱਟੀ ਦਾ ਖੇਤਰ,ਰਾਮਸਰ ਸੰਮੇਲਨ ਦਾ ਇੱਕ ਕੇਂਦਰ, ਭਾਖੜਾ ਡੈਮ, ਨੈਨੀਤਾਲ ਝੀਲ, ਕੋਈ ਇੱਕ ਕੋਲਾ ਉਤਪਾਦਕ ਖੇਤਰ **4**

**(ਅ) 1947 ਤੋਂ ਪਹਿਲਾਂ ਦੇ ਪੰਜਾਬ ਦੇ ਮਾਨ-ਚਿੱਤਰ ਵਿੱਚ 6 ਵਿੱਚੋਂ ਕੋਈ 4 ਸਥਾਨ ਭਰੋ-**

ਆਨੰਦਪੁਰ ਸਾਹਿਬ, ਭੰਗਾਣੀ, ਸਰਹਿੰਦ, ਸਢੌਰਾ, ਬੱਦੋਵਾਲ, ਰਾਮਨਗਰ **4**